ਰਜਿਸਟਰਡ

ਵੱਲੋ

ਇੰਸਪੈਕਟਰ ਜਨਰਲ ਪੁਲਿਸ, ਪੀ.ਏ.ਪੀ
-ਕਮ-ਪਹਿਲੇ ਅਪੀਲੀ ਪ੍ਰਾਧਿਕਾਰੀ, ਜਲੰਧਰ।

ਵੱਲ

ਸੇਵਾ ਮੁਕਤ ਐਸ.ਆਈ/ਐਲ.ਆਰ ਹਰਮੇਸ਼ ਕੁਮਾਰ
ਨੰਬਰ 2921/ਪੀਏਪੀ ਪੁੱਤਰ ਸ਼੍ਰੀ ਦਰਸ਼ਨ ਸਿੰਘ, ਵਾਸੀ ਪਿੰਡ
ਤੇ ਡਾਕਖਾਨਾ ਲਿੱਤਰਾਂ, ਤਹਿਸੀਲ, ਨਕੋਦਰ ਜਿਲ੍ਹਾਂ ਜਲੰਧਰ

ਨੰਬਰ /ਈ-6 ਮਿਤੀ

ਵਿਸ਼ਾ:- ਸੂਚਨਾ ਦੇ ਅਧਿਕਾਰ ਐਕਟ 2005 ਦੇ ਤਹਿਤ ਸੂਚਨਾਂ ਪ੍ਰਾਪਤ ਕਰਨ ਸਬੰਧੀ ਅਪੀਲ ।

ਯਾਦ ਪੱਤਰ

ਹਵਾਲਾ ਆਪ ਦੀ ਅਪੀਲ ਮਿਤੀ 16-01-2024 ਦੇ ਸਬੰਧ ਵਿੱਚ।

2. ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਵੱਲੋਂ ਸੂਚਨਾਂ ਅਧਿਕਾਰ ਐਕਟ 2005 ਦੇ ਤਹਿਤ ਸੂਚਨਾ ਲੈਣ ਸਬੰਧੀ ਦਿੱਤੀ ਦਰਖਾਸਤ ਮਿਤੀ 13-12-2023 ਜੋ ਕਮਾਂਡੈਂਟ, 7ਵੀ ਬਟਾਲੀਅਨ-ਕਮ-ਲੋਕ ਸੂਚਨਾ ਅਫਸਰ ਪੀ.ਏ.ਪੀ ਵੱਲੋ ਪੰਜਾਬ ਸਰਕਾਰ, ਡਿਪਾਰਟਮੈਂਟ ਆਫ ਗਵਰਨੈਂਸ ਰਿਫੋਰਮਸ ਦੇ ਨੋਟੀਫਿਕੇਸ਼ਨ ਨੰਬਰ ਐਸ.ਓ.49/ਸੀ.ਏ. 22/2005/ਐਸ.24/2016 ਮਿਤੀ 07-06-2016 ਸਬ-ਸੈਕਸ਼ਨ (4) ਆਫ ਸੈਕਸ਼ਨ 24 ਅਧੀਨ ਸੂਚਨਾਂ ਐਕਟ 2005 (ਸੈਂਟਰਲ ਐਕਟ ਨੰਬਰ 22 ਆਫ 2005) ਅਨੁਸਾਰ ਪੰਜਾਬ ਆਰਮਡ ਪੁਲਿਸ ਨੂੰ ਅਧਿਕਾਰ ਸੂਚਨਾਂ ਕਾਨੂੰਨ- 2005 ਤੋਂ ਛੋਟ ਦਿੱਤੀ ਗਈ ਹੈ, ਨੂੰ ਮੱਧੇ ਨਜ਼ਰ ਰੱਖਦੇ ਹੋਏ ਪੱਤਰ ਨੰਬਰ 793/ਸੀਏ, ਮਿਤੀ 09-01-2024 ਰਾਹੀ ਰੱਦ ਕਰ ਦਿੱਤੀ ਗਈ ਸੀ।

3. ਇਸ ਲਈ ਪੰਜਾਬ ਸਰਕਾਰ ਵੱਲੋ ਜਾਰੀ ਕੀਤੇ ਉਕਤ ਨੋਟੀਫਿਕੇਸ਼ਨ ਮਿਤੀ 07-06-2016 ਵਿੱਚ ਦਰਜ ਉਪਬੰਧ ਮੁਤਾਬਿਕ ਉਕਤ ਲਿਆ ਗਿਆ ਫੈਸਲਾ ਸਹੀ ਪਾਇਆ ਗਿਆ ਹੈ। ਇਸ ਲਈ ਆਪ ਵੱਲੋ ਕੀਤੀ ਗਈ ਮੌਜੂਦਾ ਅਪੀਲ ਮਿਤੀ 16-01-2024 ਵਿਚਾਰਨ ਉਪਰੰਤ ਰੱਦ ਕੀਤੀ ਜਾਦੀ ਹੈ।

ਇੰਸਪੈਕਟਰ ਜਨਰਲ ਪੁਲਿਸ, ਪੀ.ਏ.ਪੀ
-ਕਮ-ਪਹਿਲੇ ਅਪੀਲੀ ਪ੍ਰਾਧਿਕਾਰੀ, ਜਲੰਧਰ।

ਨੰਬਰ 4071-72/ਈ-6 ਮਿਤੀ 31-1-24

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਓਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਕਮਾਂਡੈਂਟ, 7ਵੀ ਬਟਾਲੀਅਨ-ਕਮ-ਲੋਕ ਸੂਚਨਾ ਅਫਸਰ ਪੀ.ਏ.ਪੀ.,ਜਲੰਧਰ ਨੂੰ ਉਹਨਾ ਦੇ ਦਫਤਰ ਦੇ ਪੱਤਰ ਨੰਬਰ 2110/ਸੀਏ, ਮਿਤੀ 25-01-2024 ਦੇ ਹਵਾਲੇ ਵਿੱਚ।
2. ਇੰਚਾਰਜ ਵੈਬ-ਸਾਈਟ ਪੀ.ਏ.ਪੀ (ਸਮੇਤ ਅਪੀਲ ਦੀ ਕਾਪੀ) ।

ਇੰਸਪੈਕਟਰ ਜਨਰਲ ਪੁਲਿਸ, ਪੀ.ਏ.ਪੀ
-ਕਮ-ਪਹਿਲੇ ਅਪੀਲੀ ਪ੍ਰਾਧਿਕਾਰੀ, ਜਲੰਧਰ।

61
18/1/24

## ਸੂਚਨਾ ਦਾ ਅਧਿਕਾਰ ਐਕਟ 2005 ਦੇ ਸੈਕਸ਼ਨ 19(1) ਅਧੀਨ ਬਿਨੇਪੱਤਰ

### ਪਹਿਲੀ ਅਪੀਲ

ਸੇਵਾ ਵਿਖੇ,

ਪਹਿਲੀ ਅਪੀਲ ਅਧਿਕਾਰੀ,
ਮਾਨਯੋਗ ਇੰਸਪੈਕਟਰ ਜ਼ਨਰਲ ਆਫ ਪੁਲਿਸ,
ਪੀ.ਏ.ਪੀ.,ਜਲੰਧਰ ਕੈਂਟ।

ਵਿਸ਼ਾ: ਸੂਚਨਾ ਦਾ ਅਧਿਕਾਰ ਐਕਟ ਅਧੀਨ ਮਿਤੀ 13.12.2023 ਨੂੰ ਮੰਗੀ ਗਈ ਸੂਚਨਾ ਸਹੀ ਨਾ ਮੁਹਾਇਆ ਕਰਵਾਉਣ ਸਬੰਧੀ।

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਮੈ ਰਿਟਾਇਰਡ ਐਸ.ਆਈ. ਹਰਮੇਸ਼ ਸਿੰਘ ਨੰ.2921/ਪੀ.ਏ.ਪੀ. ਪੁੱਤਰ ਸ਼੍ਰੀ ਦਰਸ਼ਨ ਸਿੰਘ,ਵਾਸੀ ਪਿੰਡ ਤੇ ਡਾਕ. ਲਿੱਤਰਾਂ, ਤਹਿ. ਨਕੋਦਰ,ਜਿਲਾ ਜਲੰਧਰ, ਦਾ ਪੱਕਾ ਵਸਨੀਕ ਹਾਂ। ਮੈ ਮਿਤੀ 13.12.2023 ਨੂੰ **ਸੂਚਨਾ ਦੇ ਅਧਿਕਾਰ ਐਕਟ 2005 ਦੇ ਸੈਕਸ਼ਨ 6(3) ਅਤੇ 2(J) ਅਧੀਨ** ਲੋਕ ਸੂਚਨਾ ਅਧਿਕਾਰੀ ਮਾਨਯੋਗ ਕੰਮਾਡੈਂਟ ਸਾਹਿਬ, 7ਵੀ ਬਟਾਲੀਅਨ, ਪੀ.ਏ.ਪੀ. ਜਲੰਧਰ ਕੈਂਟ ਨੂੰ ਇੱਕ ਅਰਜ਼ੀ ਰਜਿਸਟਰੀ ਪੋਸਟ ਨੰ. **RP226625477 IN** ਮਿਤੀ 13.12.2023 ਨੂੰ ਭੇਜੀ ਸੀ ਜਿਸਦਾ ਜੁਆਬ ਮਿਤੀ 11.1.2024 ਨੂੰ ਪ੍ਰਾਪਤ ਹੋਇਆ, ਜਿਸ ਵਿੱਚ ਮੇਰੇ ਵੱਲੋ ਮੰਗੀ ਗਈ ਆਰ.ਟੀ.ਆਈ. ਸਹੀ ਨਹੀ ਹੈ। ਇਸ ਸਬੰਧੀ ਅਧਿਕਾਰੀਆਂ ਵੱਲੋ ਸੈਕਸ਼ਨ **2(J)** ਦੀ ਪਾਲਣਾ ਨਹੀ ਕੀਤੀ ਗਈ ਹੈ।

ਆਪਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਮੇਰੀ ਪਹਿਲੀ ਅਪੀਲ ਨੂੰ ਸਵੀਕਾਰ ਕੀਤਾ ਜਾਵੇ ਅਤੇ ਮੇਰੀ ਆਰ.ਟੀ.ਆਈ. ਨਾਲ ਸਬੰਧਤ ਜਾਣਕਾਰੀ ਮੁਹਾਇਆ ਕਰਵਾਈ ਜਾਵੇ। ਮੇਰੀ ਪੁਰਾਣੀ ਆਰ.ਟੀ.ਆਈ. ਅਰਜ਼ੀ ਇਸ ਨਾਲ ਨੱਥੀ ਹੈ। ਦੇ ਸੈਕਸ਼ਨ 6(3) ਅਤੇ 2 (J) ਦੀ ਉਲੰਘਣਾ ਕਰਨ ਵਾਲੇ ਅਧਿਕਾਰੀਆਂ ਖਿਲਾਫ ਆਰ.ਟੀ.ਆਈ. ਦੇ ਐਕਟ 2005 ਦੇ ਅਧੀਨ ਯੋਗ ਕਾਰਵਾਈ ਕੀਤੀ ਜਾਵੇ ਤਾਂ ਕਿ ਅੱਗੇ ਤੋ ਕਿਸੇ ਹੋਰ ਦਰਖਾਸਤ ਕਰਨ ਵਾਲੇ ਨੂੰ ਸਮੇਂ ਸਿਰ ਤੇ ਪੂਰੀ ਜਾਣਕਾਰੀ ਮੁਹਾਇਆ ਕਰਵਾਈ ਜਾ ਸਕੇ।

ਧੰਨਵਾਦ ਸਹਿਤ

ਆਪਜੀ ਦਾ ਵਿਸ਼ਵਾਸ਼ ਪਾਤਰ

ਹਰਮੇਸ਼ ਸਿੰਘ

ਮਿਤੀ:16.01.2024

ਰਿਟਾਇਰਡ ਐਸ.ਆਈ. ਹਰਮੇਸ਼ ਸਿੰਘ
ਨੰ.2921/ਪੀ.ਏ.ਪੀ. ਪੁੱਤਰ ਸ਼੍ਰੀ ਦਰਸ਼ਨ ਸਿੰਘ,
ਵਾਸੀ ਪਿੰਡ ਤੇ ਡਾਕ. ਲਿੱਤਰਾਂ, ਤਹਿ. ਨਕੋਦਰ,
ਜਿਲਾ ਜਲੰਧਰ, ਮੋਬ. 88726-77700, 6283291117

ਨੋਟ: (1) ਦਰਖਾਸਤ ਮਿਤੀ 13.12.2023 (2) ਫੋਟੋ ਕਾਪੀ ਰਜਿਸਟਰੀ ਦੀ ਰਸੀਦ,
(3) ਫੋਟੋ ਕਾਪੀ ਜੁਆਬ ਪੱਤਰ ਨੰ. 793/ਸੀ.ਏ. ਮਿਤੀ 09.1.2024

Supdt Admn.

18/1/2024